# ਪੰਜਾਬ ਵਿਧਾਨ ਸਭਾ ਸਕੱਤਰੇਤ

ਸ਼ੁੱਕਰਵਾਰ, ਮਿਤੀ 16 ਜੂਨ, 2017 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।

## ਹਲਕਾ ਖੰਨਾ ਵਿਚ ਡਾਕਟਰਾਂ/ਪੈਰਾ ਮੈਡੀਕਲ ਸਟਾਫ ਦੀਆਂ ਖਾਲੀ ਅਸਾਮੀਆਂ

***177. ਸਰਦਾਰ ਗੁਰਕੀਰਤ ਸਿੰਘ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਖੰਨਾ ਵਿੱਚ ਵੱਖ-ਵੱਖ ਸਿਵਲ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿੱਚ ਡਾਕਟਰਾਂ ਅਤੇ ਪੈਰਾ-ਮੈਡੀਕਲ ਸਟਾਫ਼ ਦੀਆਂ ਕਿੰਨੀਆਂ-ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ; ਅਤੇ ਇਹ ਆਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

## ਲੁਧਿਆਣਾ ਵਿਖੇ ਗਰੀਨ ਬੈਲਟਸ ਅਤੇ ਪਾਰਕਾਂ ਦੀ ਦੇਖਭਾਲ

***224. ਸ਼੍ਰੀ ਭਾਰਤ ਭੂਸ਼ਣ ਆਸ਼ੂ, ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲੁਧਿਆਣਾ ਸ਼ਹਿਰ ਵਿਚ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਵਿਚ ਪੈਂਦੀਆਂ ਗਰੀਨ ਬੈਲਟਸ ਅਤੇ ਪਾਰਕਾਂ ਦੀ ਦੇਖਭਾਲ ਕਰਨ ਲਈ ਸਰਕਾਰ ਦੁਆਰਾ ਕੋਈ ਕਦਮ ਚੁੱਕੇ ਗਏ ਹਨ ਜਾਂ ਚੁੱਕੇ ਜਾਣ ਦੀ ਤਜਵੀਜ਼ ਹੈ?

## ਰੈਗੂਲਰ ਅਤੇ ਠੇਕੇ ਤੇ ਰੱਖੇ ਗਏ ਮੁਲਾਜ਼ਮਾਂ ਨੂੰ ਬਰਾਬਰ ਤਨਖਾਹ ਦੇਣ ਸਬੰਧੀ

***10. ਸਰਦਾਰ ਅਮਰਜੀਤ ਸਿੰਘ ਸੰਦੋਆ, ਐਮ.ਐਲ.ਏ.**:- ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਇਹ ਠੀਕ ਹੈ ਕਿ ਰੈਗੂਲਰ ਅਤੇ ਠੇਕੇ ਦੇ ਰੱਖੇ ਗਏ ਮੁਲਾਜਮਾਂ ਦੀ ਤਨਖਾਹ ਵਿਚ ਬਹੁਤ ਵੱਡਾ ਅੰਤਰ ਹੈ;

ਅ) ਕੀ ਮਾਨਯੋਗ ਸੁਪਰੀਮ ਕੋਰਟ ਨੇ ਪਿਛੇ ਜਿਹੇ ਬਰਾਬਰ ਕੰਮ ਬਰਾਬਰ ਤਨਖਾਹ ਦੇਣ ਬਾਰੇ ਕੋਈ ਜੱਜਮੈਂਟ ਦਿੱਤੀ ਸੀ; ਜੇਕਰ ਅਜਿਹਾ ਹੈ ਤਾਂ ਕੀ ਬਰਾਬਰ ਕੰਮਾਂ ਲਈ ਬਰਾਬਰ ਤਨਖਾਹ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

## ਮਨਰੇਗਾ ਮਜਦੂਰਾਂ ਦੀ ਉਜ਼ਰਤ ਵਿਚ ਵਾਧਾ ਕਰਨਾ

***82. ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਮਨਰੇਗਾ ਸਕੀਮ ਤਹਿਤ ਕੰਮ ਕਰਨ ਵਾਲੇ ਮਜਦੂਰਾਂ ਦੀ ਸਾਲ 2017-18 ਦੇ ਲਈ ਉਜ਼ਰਤ ਵਿੱਚ ਸਿਰਫ 15/- ਰੁਪਏ ਦਾ ਵਾਧਾ ਕੀਤਾ ਗਿਆ ਹੈ;

ਅ) ਕੀ ਰਾਜ ਸਰਕਾਰ ਮਹਿੰਗਾਈ ਨੂੰ ਧਿਆਨ ਵਿੱਚ ਰੱਖ ਕੇ ਮਨਰੇਗਾ ਮਜਦੂਰਾਂ ਦੀ ਉਜ਼ਰਤ ਵਿੱਚ ਹੋਰ ਵਾਧਾ ਕਰਨ ਲਈ ਭਾਰਤ ਸਰਕਾਰ ਨਾਲ ਤਾਲਮੇਲ ਕਰ ਰਹੀ ਹੈ?

## ਬਲਾਕ ਭਿੱਖੀਵਿੰਡ ਅਤੇ ਖੇਮਕਰਨ ਵਿਚ ਮੋਘੇ ਉਸਾਰਨਾ

***236. ਸਰਦਾਰ ਸੁੱਖਪਾਲ ਸਿੰਘ ਭੁੱਲਰ, ਐਮ.ਐਲ.ਏ.**:- ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਬਲਾਕ ਖੇਮਕਰਨ ਅਤੇ ਭਿਖੀਵਿੰਡ ਵਿਚ ਪੱਕੇ ਮੋਘੇ ਉਸਾਰਨ ਦੀ ਕੋਈ ਤਜਵੀਜ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਦੇ ਕਦੋਂ ਤੱਕ ਉਸਾਰੇ ਜਾਣ ਦੀ ਸੰਭਾਵਨਾ ਹੈ?

## ਪੋਲੀਟੈਕਨਿਕ ਕਾਲਜ ਲਈ ਦਾਨ ਦਿੱਤੀ ਗਈ ਜ਼ਮੀਨ

***282. ਸਰਦਾਰ ਨਵਤੇਜ਼ ਸਿੰਘ ਚੀਮਾਂ, ਐਮ.ਐਲ.ਏ.**:- ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਜ਼ਿਲ੍ਹਾ ਕਪੂਰਥਲਾ ਵਿੱਚ ਸੁਲਤਾਨਪੁਰ ਲੋਧੀ ਨਜ਼ਦੀਕ ਗ੍ਰਾਮ ਪੰਚਾਇਤ ਜੱਬੋਵਾਲ ਵੱਲੋਂ ਮੁਫ਼ਤ ਦਾਨ ਕੀਤੀ ਗਈ 20 ਏਕੜ ਜ਼ਮੀਨ ਉੱਤੇ ਪੋਲੀਟੈਕਨਿਕ ਕਾਲਜ ਲਈ ਇਮਾਰਤ ਦੀ ਉਸਾਰੀ ਕੀਤੀ ਗਈ ਸੀ ਪ੍ਰੰਤੂ ਅਜੇ ਤੱਕ ਉੱਥੇ ਕਲਾਸਾਂ ਸ਼ੁਰੂ ਨਹੀ ਹੋਈਆਂ ਹਨ;

ਅ) ਜੇਕਰ ਭਾਗ (ੳ)ਦਾ ਉੱਤਰ ਹਾਂ ਵਿਚ ਹੋਵੇ ਤਾਂ ਇਸ ਦੇ ਕਾਰਨ ਕੀ ਹਨ ਅਤੇ ਸਰਕਾਰ ਦੁਆਰਾ ਇਸ ਕਾਲਜ ਵਿਚ ਕਲਾਸਾਂ ਦੀ ਸ਼ੁਰੂਆਤ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ?

## ਹਲਕਾ ਗਿੱਲ ਦੇ ਵੱਖ-ਵੱਖ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ

***361. ਸਰਦਾਰ ਕੁਲਦੀਪ ਸਿੰਘ ਵੈਦ, ਐਮ.ਐਲ.ਏ.**:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਗਿੱਲ ਦੇ ਵੱਖ-ਵੱਖ ਪ੍ਰਾਇਮਰੀ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਕਿੰਨੀਆਂ-ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਇਹ ਆਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

## ਗੜ੍ਹਸ਼ੰਕਰ ਤੋਂ ਆਨੰਦਪੁਰ ਸਾਹਿਬ ਸੜਕ ਦੀ ਮੁਰੰਮਤ

**335. ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਐਮ.ਐਲ.ਏ.**:- ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਗੜ੍ਹਸ਼ੰਕਰ ਤੋਂ ਆਨੰਦਪੁਰ ਸਾਹਿਬ ਦੀ ਸੜਕ ਖਸਤਾ ਹਾਲਤ ਵਿੱਚ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੀ ਮੁਰੰਮਤ ਕਦੋਂ ਤੱਕ ਕਰਵਾਏ ਜਾਣ ਦੀ ਸੰਭਾਵਨਾ ਹੈ?

## ਸਬ-ਡਵੀਜ਼ਨ ਅਹਿਮਦਗੜ੍ਹ ਦੇ ਦਫਤਰਾਂ ਲਈ ਨਵੀਂ ਇਮਾਰਤ ਉਸਾਰਨਾ

***286. ਸਰਦਾਰ ਸੁਰਜੀਤ ਸਿੰਘ ਧੀਮਾਨ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਬ-ਡਵੀਜ਼ਨ ਅਹਿਮਦਗੜ੍ਹ ਦੇ ਦਫ਼ਤਰਾਂ ਲਈ ਕੋਈ ਆਪਣੀ ਇਮਾਰਤ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਨਵੀਂ ਇਮਾਰਤ ਉਸਾਰਨ ਲਈ ਸਰਕਾਰ ਦੀ ਕੋਈ ਤਜਵੀਜ਼ ਹੈ?

## ਹਸਪਤਾਲਾਂ ਵਿਚ ਡਾਕਟਰਾਂ ਅਤੇ ਪੈਰਾ-ਮੈਡੀਕਲ ਸਟਾਫ ਦੀਆਂ ਅਸਾਮੀਆਂ ਨੂੰ ਭਰਨਾ

***206. ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਜ਼ੀਰਾ ਵਿਚ ਵੱਖ ਵੱਖ ਸਿਵਲ ਹਸਪਤਾਲਾਂ ਅਤੇ ਡਿਸਪੈਸਰੀਆਂ ਵਿਚ ਡਾਕਟਰਾਂ ਅਤੇ ਪੈਰਾ-ਮੈਡੀਕਲ ਸਟਾਫ ਦੀਆਂ ਕਿੰਨੀਆਂ-ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਇਹ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

ਪਰਤੋਂ ਜੀ.....

**ਹਰੀਕੇ ਨੂੰ ਸੈਰ ਸਪਾਟਾ ਕੇਂਦਰ ਵਜੋਂ ਵਿਕਸਿਤ ਕਰਨਾ**

***333. ਸਰਦਾਰ ਹਰਮਿੰਦਰ ਸਿੰਘ ਗਿੱਲ, ਐਮ.ਐਲ.ਏ.**:- ਕੀ ਸੈਰ ਸਪਾਟਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਦੁਨੀਆਂ ਭਰ ਵਿੱਚ ਪ੍ਰਸਿੱਧ ਪੰਛੀ ਰੱਖ, ਹਰੀਕੇ ਨੂੰ ਸੈਰ ਸਪਾਟਾ ਕੇਂਦਰ ਦੇ ਤੌਰ ਤੇ ਵਿਕਸਿਤ ਕਰਨ ਲਈ ਸਰਕਾਰ ਕੋਈ ਕਦਮ ਉਠਾ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਵੇਰਵੇ ਹਨ?

**ਛੇਵੇਂ ਤਨਖਾਹ ਕਮਿਸ਼ਨ ਨੂੰ ਲਾਗੂ ਕਰਨਾ**

***423. ਸਰਦਾਰ ਬਲਵਿੰਦਰ ਸਿੰਘ ਬੈਂਸ, ਐਮ.ਐਲ.ਏ.**:- ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਪੰਜਾਬ ਸਰਕਾਰ ਦੁਆਰਾ 6ਵੇਂ ਤਨਖਾਹ ਕਮਿਸ਼ਨ ਨੂੰ ਲਾਗੂ ਕਰਨ ਦੇ ਸਬੰਧ ਵਿਚ ਕੀ ਕਦਮ ਚੁੱਕੇ ਗਏ ਹਨ ਅਤੇ ਇਸ ਨੂੰ ਕਦੋਂ ਤੱਕ ਲਾਗੂ ਕਰ ਦਿੱਤਾ ਜਾਵੇਗਾ;

ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਤਨਖਾਹ ਕਮਿਸ਼ਨ ਨੂੰ ਲਾਗੂ ਕਰਨ ਵਿਚ ਕੁਝ ਔਕੜਾਂ ਆ ਰਹੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਇਹਨਾਂ ਦੇ ਵੇਰਵੇ ਕੀ ਹਨ?

**ਗ੍ਰਾਮ ਪੰਚਾਇਤਾਂ ਨੂੰ ਜਾਰੀ ਕੀਤੀਆਂ ਗਈਆਂ ਗ੍ਰਾਂਟਾਂ**

***233. ਸ਼੍ਰੀ ਨੱਥੂ ਰਾਮ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦੁਆਰਾ ਸਾਲ 2014-15, 2015-16 ਅਤੇ 2016-17 ਦੌਰਾਨ ਬੱਲੂਆਣਾ ਵਿਧਾਨ ਸਭਾ ਹਲਕੇ ਵਿਚ ਪੈਂਦੀ ਹਰ ਇਕ ਗ੍ਰਾਮ ਪੰਚਾਇਤ ਨੂੰ ਜਾਰੀ ਕੀਤੀਆਂ ਗਈਆਂ ਵਿਕਾਸ ਗ੍ਰਾਂਟਾਂ ਦੇ ਸਾਲ ਵਾਰ ਵੇਰਵੇ ਕੀ ਹਨ ਅਤੇ ਉਕਤ ਗ੍ਰਾਂਟਾਂ ਦੀ ਵਰਤੋ ਦੇ ਵੇਰਵੇ ਕੀ ਹਨ?

**ਬਟਾਲਾ ਸ਼ਹਿਰ ਵਿੱਚੋਂ ਲੰਗਦੇ ਹੰਸਲੀ ਨਾਲੇ ਦੀ ਸਫਾਈ ਕਰਵਾਉਣਾ**

***357. ਸਰਦਾਰ ਲਖਬੀਰ ਸਿੰਘ ਲੋਧੀਨੰਗਲ, ਐਮ.ਐਲ.ਏ.**:- ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਟਾਲਾ ਸ਼ਹਿਰ ਵਿੱਚੋਂ ਦੀ ਲੰਘਦੇ ਹੰਸਲੀ ਨਾਲੇ ਦੀ ਸਫ਼ਾਈ ਕਰਵਾਉਣ ਅਤੇ ਇਸ ਨੂੰ ਕਵਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਆਦਮਪੁਰ ਵਿਖੇ ਆਈ.ਟੀ.ਆਈ ਨੂੰ ਸਟਾਫ ਅਤੇ ਸਾਜ਼ੋ ਸਮਾਨ ਮੁਹੱਈਆ ਕਰਵਾਉਣਾ**

***243. ਸ਼੍ਰੀ ਪਵਨ ਕੁਮਾਰ ਟੀਨੂੰ, ਐਮ.ਐਲ.ਏ.**:- ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਆਦਮਪੁਰ ਵਿੱਚ ਨਵੀਂ ਬਣਾਈ ਗਈ ਆਈ.ਟੀ.ਆਈ ਦੇ ਸਟਾਫ ਨੂੰ ਕੱਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ ਅਤੇ ਹੋਰ ਜ਼ਰੂਰੀ ਮਸ਼ੀਨਰੀ, ਵਰਕਸ਼ਾਪ ਅਤੇ ਸਾਜ਼ੋ ਸਮਾਨ ਕਦੋਂ ਤੱਕ ਮੁਹੱਈਆਂ ਕਰਵਾ ਦਿੱਤਾ ਜਾਵੇਗਾ?

**ਮੁਕੇਰੀਆਂ ਵਿਖੇ ਸਿਵਲ ਹਸਪਤਾਲ ਨੂੰ ਅਪਗ੍ਰੇਡ ਕਰਨਾ**

***284. ਸ਼੍ਰੀ ਰਜਨੀਸ਼ ਕੁਮਾਰ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਮੁਕੇਰੀਆਂ ਵਿਖੇ ਸਿਵਲ ਹਸਪਤਾਲ ਨੂੰ ਅਪ-ਗ੍ਰੇਡ ਕਰਕੇ 100 ਬੈਡ ਵਾਲਾ ਹਸਪਤਾਲ ਬਨਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਹਸਪਤਾਲ ਨੂੰ ਕਦੋਂ ਤੱਕ ਅੱਪ ਗ੍ਰੇਡ ਕਰ ਦਿੱਤਾ ਜਾਵੇਗਾ;

ਅ) ਕੀ ਮੁਕੇਰੀਆਂ ਵਿਖੇ ਸਿਵਲ ਹਸਪਤਾਲ ਵਿਚ ਡਾਇਲਿਸਿਸ ਸਿਸਟਮ ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਹ ਸਿਸਟਮ ਸਥਾਪਿਤ ਕਰ ਦਿੱਤਾ ਜਾਵੇਗਾ?

**ਪਿੰਡ ਨੀਲਪੁਰ ਨੂੰ ਨਗਰ ਕੌਂਸਲ ਰਾਜਪੁਰਾ ਦੀ ਹੱਦ ਵਿੱਚ ਸ਼ਾਮਿਲ ਕਰਨਾ**

***316. ਸਰਦਾਰ ਹਰਦਿਆਲ ਸਿੰਘ ਕੰਬੋਜ, ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਨੀਲਪੁਰ ਨੂੰ ਨਗਰ ਕੌਂਸਲ, ਰਾਜਪੁਰਾ ਦੀ ਹੱਦ ਅੰਦਰ ਸ਼ਾਮਿਲ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਨੌਕਰੀ ਵਿੱਚ ਉਪਰਲੀ ਉਮਰ ਸੀਮਾ ਵਧਾਉਣਾ**

***354. ਸਰਦਾਰ ਪਿਰਮਲ ਸਿੰਘ ਧੌਲਾ, ਐਮ.ਐਲ.ਏ.**:- ਕੀ ਰੋਜਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਰਿਆਣਾ ਸਰਕਾਰ ਦੀ ਤਰਜ ਤੇ ਬੇਰੋਜਗਾਰ ਨੌਜਵਾਨਾਂ ਦੀ ਉਪਰਲੀ ਉਮਰ ਸੀਮਾ 42 ਸਾਲ ਕਰਨ ਦਾ ਸਰਕਾਰ ਦਾ ਕੋਈ ਵਿਚਾਰ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਬਿਸਤ ਦੋਆਬ ਨਹਿਰ ਸਿੰਜਾਈ ਵੰਡ ਸਿਸਟਮ**

***343. ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ, ਐਮ.ਐਲ.ਏ.**:- ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਿਸਤ ਦੋਆਬਾ ਨਹਿਰ ਸਿੰਜਾਈ ਵੰਡ ਸਿਸਟਮ ਸੀ ਏ ਡੀ ਏ (ਕਮਾਂਡ ਏਰੀਆਂ ਡਿਵਲਪਮੈਂਟ ਅਥਾਰਿਟੀ) ਪ੍ਰੋਜੈਕਟ ਮੰਨਜੂਰ ਹੋ ਗਿਆ ਹੈ, ਜੇਕਰ ਅਜਿਹਾ ਹੋਵੇ ਤਾਂ:-

ੳ) ਸੀ ਏ ਡੀ ਏ ਪਾਣੀ ਦੀ ਸਪਲਾਈ ਲਈ ਜਮੀਨ ਦੇ ਹੇਠਾਂ ਪਾਇਪਾਂ ਵਿਛਾਉਣ ਦਾ ਕੰਮ ਕਦੋਂ ਸ਼ੁਰੂ ਕਰੇਗੀ ਅਤੇ ਇਸ ਅਧੀਨ ਕਿੰਨਾਂ ਰਕਬਾ ਕਵਰ (ਸ਼ਾਮਿਲ) ਕੀਤਾ ਜਾਵੇਗਾ;

ਅ) ਕੀ ਧਰਤੀ ਦੇ ਹੇਠਲੇ ਪਾਣੀ ਦੇ ਪੱਧਰ ਦੇ ਗੰਭੀਰ ਹਲਾਤ ਨੂੰ ਵੇਖਦੇ ਹੋਏ ਸੀ ਏ ਡੀ ਏ ਦੇ ਅਧੀਨ ਰਕਬਾ ਵਧਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;

ੲ) ਕੀ ਵੱਖ-ਵੱਖ ਥਾਵਾਂ ਤੇ ਨਹਿਰਾਂ ਦੇ ਨਾਲ ਰੀ-ਚਾਰਜਿੰਗ ਖੂਹਾਂ ਬਨਾਉਣ ਦੀ ਕੋਈ ਤਜ਼ਵੀਜ ਸਰਕਾਰ ਦੇ ਵਿਚਾਰ ਅਧੀਨ ਹੈ ਤਾਂ ਜੋ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਮਾਨਸੂਨਾਂ ਦੇ ਦੌਰਾਨ ਜਾਂ ਵਾਧੂ ਪਾਣੀ ਹੋਣ ਤੇ ਰੀ-ਚਾਰਜ ਕੀਤਾ ਜਾ ਸਕੇ?

**ਪਿੰਡ ਖਨਾਲ ਖੁਰਦ ਦੇ ਸੀਵਰੇਜ਼ ਸਿਸਟਮ ਸਬੰਧੀ**

***96. ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ.**:- ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਖਨਾਲ ਖੁਰਦ ਤਹਿਸੀਲ ਦਿੜ੍ਹਬਾ ਜਿਲ੍ਹਾ ਸੰਗਰੂਰ ਦਾ ਸੀਵਰੇਜ਼ ਸਿਸਟਮ ਬੰਦ ਪਿਆ ਹੈ; ਜੇਕਰ ਬੰਦ ਹੈ ਤਾਂ ਇਸ ਦੇ ਕੀ ਕਾਰਨ ਹਨ?

ਸ਼ਸ਼ੀ ਲਖਨਪਾਲ ਮਿਸ਼ਰਾ,<br>ਸਕੱਤਰ,<br>ਪੰਜਾਬ ਵਿਧਾਨ ਸਭਾ।

ਚੰਡੀਗੜ੍ਹ<br>ਮਿਤੀ 14 ਜੂਨ, 2017